ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਚੰਡੀਗੜ੍ਹ ।

ਸੇਵਾ ਵਿਖੇ

ਸਮੂਹ ਵਧੀਕ ਮੁੱਖ ਪ੍ਰਸ਼ਾਸਕ/ਸਮੂਹ ਮਿਲਖ ਅਫ਼ਸਰ
ਪੂਡਾ,

ਨੰ-ਪੂਡਾ-ਪਾਲਸੀ-ਯੂ-ਈ-1/03/ 2922-33
ਮਿਤੀ:- 2-4-03

ਵਿਸ਼ਾ:- **ਸ਼ਹਿਰੀ ਮਿਲਖਾਂ ਵਿੱਚ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਤੇ ਨਾ ਉਸਾਰੀ ਕਰਨ ਕਰਕੇ ਉਸਾਰੀ ਦੇ ਸਮੇ ਵਿੱਚ ਵਾਧਾ ਕਰਨ ਬਾਰੇ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਦੀਆਂ ਵੱਖ-2 ਸ਼ਹਿਰੀ ਮਿਲਖਾਂ ਵਿੱਚ ਅਲਾਟ ਕੀਤੇ ਗਏ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਵਿੱਚ ਪੰਜਾਬ ਰੀਜ਼ਨਲ ਅਤੇ ਟਾਊਨ ਪਲੈਨਿੰਗ ਅਤੇ (ਜਨਰਲ) ਰੂਲਜ਼ 1995 ਦੇ ਰੂਲ 13 (2) ਅਤੇ 13(3) ਵਿੱਚ ਨਾਨ ਉਸਾਰੀ ਫ਼ੀਸ 5 ਸਾਲ ਤੱਕ ਲੈਣ ਦਾ ਉਪਬੰਧ ਕੀਤਾ ਹੋਇਆ ਹੈ। ਸਰਕਾਰ ਵੱਲੋ ਮਿਤੀ 8-10-2001 ਨੂੰ ਜੋ ਨੋਟੀਫਿਕੇਸ਼ਨ ਰਾਹੀ ਪੰਜਾਬ ਰੀਜ਼ਨਲ ਅਤੇ ਟਾਊਨ ਪਲੈਨਿੰਗ ਅਤੇ (ਜਨਰਲ) ਰੂਲਜ਼, 1995 ਦੇ ਰੂਲ 13(2) ਅਤੇ 13(3) ਵਿੱਚ ਸੋਧ ਕੀਤੀ ਗਈ ਨੂੰ ਕੁੱਝ ਅਲਾਟੀਆਂ ਵੱਲੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕਈ ਸਿਵਲ ਰਿਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਜਿੰਨਾ ਵਿੱਚ ਮੁੱਖ ਰਿੱਟ ਪਟੀਸ਼ਨ 18986 ਔਫ਼ 2001 ਰਾਹੀ ਵੰਗਾਰਿਆ ਗਿਆ ਸੀ ਦਾਇਰ ਕੀਤੀਆਂ ਗਈਆਂ ਸਨ । ਜਿਸ ਵਿੱਚ ਮਾਨਯੋਗ ਉੱਚ ਅਦਾਲਤ ਨੇ ਪੂਡਾ ਵੱਲੋ ਪਟੀਸ਼ਨਰਾਂ ਨੂੰ ਐਕਸਟੈਨਸ਼ਨ ਫ਼ੀਸ ਦੇ ਦਿੱਤੇ ਨੋਟਿਸ ਖ਼ਤਮ ਕਰ ਦਿੱਤੇ ਹਨ ਪਰੰਤੂ ਪੂਡਾ ਵੱਲੋ ਮਾਨਯੋਗ ਅਦਾਲਤ ਦੇ ਇਸ ਫੈਸਲੇ ਦੇ ਵਿਰੁੱਧ ਐਸ-ਐਲ-ਪੀ- ਦਾਇਰ ਕਰਨ ਦਾ ਫੈਸਲਾ ਕੀਤਾ ਗਿਆ ਹੈ । ਮਾਨਯੋਗ ਸੁਪਰੀਮ ਕੋਰਟ ਵਲੋ ਇਸ ਕੇਸ ਵਿੱਚ ਫੈਸਲਾ ਕਰਨ ਲਈ ਸਮਾਂ ਲੱਗ ਸਕਦਾ ਹੈ। ਪਰੰਤੂ ਫੀਲਡ ਦਫ਼ਤਰਾਂ ਵੱਲੋ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਜਿੰਨਾ ਦੀ ਨਾਨ ਉਸਾਰੀ ਦਾ ਸਮਾਂ ਮਿਤੀ 31-12-2002 ਤੱਕ ਖਤਮ ਹੋ ਚੁਕਿਆ ਹੈ ਉਨਾਂ ਕੇਸਾਂ ਵਿੱਚ ਅੱਗੇ ਕੀ ਕਾਰਵਾਈ ਕੀਤੀ ਜਾਣੀ ਹੈ ਅਗਵਾਈ ਮੰਗੀ ਜਾ ਰਹੀ ਹੈ । ਇਸ ਮਾਮਲੇ ਨੂੰ ਦਫ਼ਤਰ ਵਿੱਚ ਵਿਚਾਰਿਆ ਗਿਆ ਅਤੇ ਨਿਯਮਾਂ ਅਨੁਸਾਰ ਹੇਠ ਲਿਖੇ ਅਨੁਸਾਰ ਕੈਟਾਗਰੀਆਂ ਬਣਾ ਦਿੱਤੀਆਂ ਗਈਆਂ ਹਨ:-

1- ਜਿੰਨਾਂ ਅਲਾਟੀਆਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਉਚ ਅਦਾਲਤ ਚੰਡੀਗੜ ਵਿਖੇ ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਹਨ ਅਤੇ ਉਹਨਾਂ ਦਾ ਫੈਸਲਾ ਅਲਾਟੀਆਂ ਦੇ ਹੱਕ ਵਿੱਚ ਹੋ ਗਿਆ ਹੈ ਤੇ ਪੂਡਾ ਵੱਲੋ ਉਸ ਫੈਸਲੇ ਵਿਰੁੱਧ ਐਸ.ਐਲ.ਪੀ. ਦਾਇਰ ਕੀਤੀ ਜਾ ਰਹੀ ਹੈ ।

2- ਜਿੰਨਾਂ ਅਲਾਟੀਆਂ ਨੂੰ ਨਿਯਮਾਂ ਮੁਤਾਬਿਕ 5 ਸਾਲ ਦੀ ਐਕਸਟੈਨਸ਼ਨ ਫ਼ੀਸ ਚਾਰਜ ਕਰਨ ਉਪਰੰਤ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ ਅਤੇ ਉਨ੍ਹਾਂ ਦਾ ਕੋਈ ਕੇਸ ਕੋਰਟ ਵਿੱਚ ਲੰਬਿਤ ਨਹੀ ਹੈ ।

(31) 57

ਜਿੰਨਾ ਅਲਾਟੀਆਂ ਨੂੰ ਨਿਯਮਾਂ ਮੁਤਾਬਿਕ ਪਹਿਲਾਂ ਹੀ 5 ਸਾਲ ਦੇ ਸਮੇ ਦੀ ਐਕਸਟੈਨਸ਼ਨ ਦਿੱਤੀ ਜਾ ਚੁੱਕੀ ਹੈ । ਭਾਵ ਉਨ੍ਹਾਂ ਨੂੰ ਪਲਾਟ ਅਲਾਟ ਕੀਤੇ 8 (3+5) ਸਾਲ ਦਾ ਸਮਾਂ ਬੀਤ ਚੁਕਿਆ ਹੈ ।

ਜਿਹੜੇ ਅਲਾਟੀ ਕੈਟਾਗਰੀ 1 ਵਿੱਚ ਆਉਦੇ ਹਨ ਉਹਨਾਂ ਨੂੰ ਐਕਸਟੈਨਸ਼ਨ ਫ਼ੀਸ ਚਾਰਜ ਕਰਨ ਲਈ ਕੋਈ ਨੋਟਿਸ ਆਦਿ ਨਹੀ ਦਿੱਤਾ ਜਾ ਸਕਦਾ । ਸਗੋ ਦਾਇਰ ਕੀਤੀ ਜਾ ਰਹੀ ਐਸ.ਐਲ.ਪੀ. ਦੇ ਫੈਸਲੇ ਦੀ ਉਡੀਕ ਕਰ ਲੈਣੀ ਚਾਹੀਦੀ ਹੈ ।

ਜਿਹੜੇ ਅਲਾਟੀ ਦੂਸਰੀ ਕੈਟਾਗਰੀ ਵਿੱਚ ਆਉਦੇ ਹਨ ਉਹਨਾਂ ਤੇ ਐਕਸਟੈਨਸ਼ਨ ਫ਼ੀਸ ਪੱਤਰ ਨੰ- 185-96 ਮਿਤੀ 15-1-98 ਰਾਹੀ ਨਿਰਧਾਰਤ ਕੀਤੇ ਗਏ ਰੇਟਾਂ ਅਨੁਸਾਰ ਚਾਰਜ ਕੀਤੀ ਜਾਵੇ ।

ਕੈਟਾਗਰੀ 3 ਵਿੱਚ ਜਿਹੜੇ ਅਲਾਟੀਆਂ ਨੂੰ 5 ਸਾਲ ਦੇ ਸਮੇ ਦੀ ਐਕਸਟੈਨਸ਼ਨ ਦਿੱਤੀ ਜਾ ਚੁੱਕੀ ਹੈ ਨਿਯਮਾਂ ਅਨੁਸਾਰ ਉਹਨਾਂ ਨੂੰ ਹੋਰ ਸਮਾਂ ਨਹੀ ਦਿੱਤਾ ਜਾ ਸਕਦਾ ਇਹਨਾਂ ਅਲਾਟੀਆਂ ਦੇ ਪਲਾਟ ਅਲਾਟਮੈਟ ਪੱਤਰ ਦੀਆਂ ਟਰਮਜ਼ ਐਡ ਕੰਡੀਸ਼ਨਜ਼ ਅਤੇ ਐਕਟ ਅਤੇ ਨਿਯਮਾਂ ਦੀਆਂ ਧਾਰਾਵਾਂ ਅਨੁਸਾਰ ਰਜ਼ਿਊਮ ਕਰਨ ਦੀ ਕਾਰਵਾਈ ਆਰੰਭ ਦੇਣੀ ਚਾਹੀਦੀ ਹੈ ।

11/1/2003

ਮੁੱਖ ਪ੍ਰਸ਼ਾਸਕ,
ਪੁਡਾ, ਚੰਡੀਗੜ੍ਹ ।